## ਵੈਸਟਮਿੰਸਟਰ ਵਿਖੇ ਸਿਆਸੀ ਕਾਨਫ਼੍ਰੰਸ ਤਾਈਂ ਸਿੰਘ ਸਾਹਿਬ ਜਗਤਾਰ ਸਿੰਘ ਹਵਾਰੇ ਦੇ ਉੱਘੇ ਵਕੀਲ ਅਮਰ ਸਿੰਘ ਚਾਹਲ ਦੇ ਬਿਆਨ ਪੇਸ਼

### ਖਾਲਿਸਤਾਨ ਐਲਾਨ ਦੇ ੩੦ ਸਾਲਾ ਵਰ੍ਹੇਗੰਢ ਮੌਕੇ ਅਜ਼ਾਦੀ ਲਈ ਸਰਬ-ਪਾਰਟੀ ਪਾਰਲੀਮਾਨੀ ਨੁਮਾਇੰਦਿਆਂ ਵੱਲੋਂ ਹਮਾਇਤ

ਵੈਸਟਮਿੰਸਟਰ ੨੬ ਅਪ੍ਰੈਲ ੨੦੧੬: ਇੱਥੈ ਮੰਗਲਵਾਰ ਨੂੰ ਯੂ ਕੇ ਦੀ ਪਾਰਲੀਮੈਂਟ ਵਿਖੇ ਵਿਸ਼ਾਲ ਅੰਤਰ-ਰਾਸ਼ਟ੍ਰੀ ਕਾਨਫ਼੍ਰੰਸ ਮੌਕੇ ਸਰਬੱਤ ਖਾਲਸਾ ਵੱਲੋਂ ਨਿਯੁਕਤ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਅਵਤਾਰ ਸਿੰਘ ਹਵਾਰਾ ਦੇ ਸੀਨਅਰ ਐਡਵੋਕੇਟ ਸ: ਅਮਰ ਸਿੰਘ ਚਾਹਲ ਨੇ ਹਾਜ਼ਰ ਪੰਥਕ ਨੁਮਾਇੰਦਿਆ ਅਤੇ ਕੌਮਾਤਰੀ ਪੱਧਰਾਂ ਤੋਂ ਆਏ ਨੁਮਾਇਦਿਆਂ ਅਤੇ ਪਾਰਲੀਮਾਨੀ ਮੈਂਬਰਾਨਾ ਤੱਕ ਸਿੱਖਾਂ ਦੇ ਖ਼ੁੱਦ-ਮੁੱਖਤਿਆਰੀ ਹੱਕਾਂ ਦੀ ਪੇਸ਼ੀ ਕੀਤੀ ।

ਐਡਵੋਕੇਟ ਸਾਹਿਬ ਨੇ ਇਹ ਵੀ ਦਰਸਇਆ ਕਿ ਕਿਵੇਂ ਭਾਰਤੀ ਸਰਕਾਰਾਂ ਨੇ ਕਤਲੇਆਮ ਢਾਹਕੇ ਇਨ੍ਹਾਂ ਹੱਕਾਂ ਤੋਂ ਸਿੱਖਾਂ ਨੂੰ ਹਮੇਸ਼ਾਂ ਗੁਮਰਾਹ ਕਰਦੀਆਂ ਆਈਆਂ ਹਨ । ਇਸ ਤੌਂ ਇਲਾਵਾ ਵਰਤਮਾਨ ਸਥਿੱਤੀ ਇਹ ਹੈ ਕਿ ਘੱਟ ਗਿਣਤੀ ਕੌਮਾਂ ਤੋਂ ਜਬਰਨ 'ਭਾਰਤ ਮਾਤਾ ਕੀ ਜੈ' ਦੇ ਨਾਰ੍ਹੇ ਹਿੰਦੁਤਵਾ ਸਰਕਾਰ ਤੋਂ ਲਗਾਏ ਜਾ ਰਹੇ ਹਨ ਤਾਂ ਜੋ ਇਸ ਨੂੰ ਜਗਤ-ਗੁਰੂ ਦਾ ਦਰਜਾ ਦਿਵਾ ਕੇ ਬਾਕੀ ਮਜ਼੍ਹਬਾਂ ਨੂੰ ਪੱਕੇ ਤੌਰ 'ਤੇ ਨੀਵਾਂ ਦਰਜਾ ਦਿਵਾਇਆ ਜਾ ਸਕੇ । ਹਿੰਦੁਤਵੀ ਤਾਕਤਾਂ ਦਾਅਵਾ ਕਰਦੀਆਂ ਹਨ ਕਿ ਸਿੱਖ ਵੱਖਰੀ ਕੌਮ ਤਾਂ ਕੀ, ਇਹ ੫੦ ਸਾਲਾਂ ਦੇ ਅੰਦਰ ਹਿੰਦੂਆਂ ਦਾ ਹਿੱਸਾ, ਜਾਂ ਅੱਤਿਵਾਦੀ ਹੀ ਬਣਕੇ ਰਹਿ ਜਾਣਗੇ । ਲੇਕਿੰਨ ਇਸ ਦਾਅਵੇ ਨੂੰ ਪੂਰੇ ਕਰਨ ਵਿਚ ਕਾਂਗਰਸ ਪਾਰਟੀ ਵੀ ਬਰਾਬਰ ਹੈ । ਸੰਤਾਲੀ ਦੇ ਝੂਠੇ ਲਾਰੇ, ਪੰਜਾਬੀ ਸੂਬੇ ਨਾਲ ਬੇ-ਇਨਸਾਫ਼ੀਆਂ, ਚੁਰਾਸੀ ਦਾ ਕਤਲੇਆਮ, ਭਾਈ ਕਹਰ ਸਿੰਘ ਦੀ ਫ਼ਾਂਸੀ, ਭਾਈ ਭੁੱਲਰ ਨੂੰ ਸਜ਼ਾ, ਸਿਆਸੀ ਕੈਦੀਆਂ ਦੀ ਨਜ਼ਰਬੰਦੀ, ਇਸ ਹਕੀਕਤ ਨੂੰ ਬਿਆਨ ਕਰਦੀ ਹੈ । ਇਨ੍ਹਾਂ ਹਲਾਤਾਂ ਵਿਚ ਸਿੱਖ ਆਪਣੀ ਅਲੱਗ ਹੋਂਦ ਨੂੰ ਸਿਰਫ਼ ਇਕ ਵੱਖਰੇ ਖ਼ੁੱਦ-ਮੁੱਖਤਿਆਰ ਰਾਜ ਵਿਚ ਹੀ ਬਰਕਰਾਰ ਰੱਖ ਸਕਦੇ ਹਨ, ਜੋ ਸ਼ਾਂਤਮਈ ਢੰਗ ਨਾਲ, ਭਾਈਵਾਲ ਕੌਮਾਂ ਨੂੰ ਨਾਲ ਲੈਕੇ, ਸਰਬੱਤ ਦੇ ਭਲੇ ਨੂੰ ਮੁੱਖ ਰੱਖ ਕੇ, ਅੰਤਰ-ਰਾਸ਼ਟ੍ਰੀ ਕਾਨੂੰਨ ਅਧੀਨ ਕਾਇਮ ਕਰਨਾ ਚਾਹੁੰਦੇ ਹਨ । ਇਹ ਮੱਸਲਾ ਹੁਣ ਸਿਰਫ਼ ਅੰਤਰਰਾਸ਼ਟ੍ਰੀ ਪੱਧਰ ਤੇ ਹੀ ਹੱਲ ਹੋ ਸਕਦਾ ਹ, ਕਿਉਂਕਿ ਹਿੰਦੁਸਤਾਨ ਪ੍ਰਤੀ ਸਿੱਖਾ ਦੇ ਹੋਰ ਸਾਰੇ ਹੀਲੇ ਨਾਕਾਮ ਹੋ ਚੁਕੇ ਹਨ।

ਪਾਰਲੀਮਾਨੀ ਖ਼ੁੱਦ-ਮੁੱਖਤਿਆਰੀ ਸੰਗਠਨ ਦੇ ਸਕੱਤਰ, ਰਣਜੀਤ ਸਿੰਘ ਸਰਾਏ ਨੇ ਐਡਵੋਕੇਟ ਚਾਹਲ ਦਾ ਸਵਾਗਤ ਕਰਦਿਆਂ ਕਿਹਾ ਕਿ ਜਿੱਥੈ ਐਡਵੋਕੇਟ ਸਾਹਿਬ ਨੇ ਅੰਤਰ-ਰਾਸ਼ਟ੍ਰੀ ਕਾਨੂੰਨ ਅਧੀਨ ਸਿੱਖਾਂ ਨੂੰ ਆਪਣੇ ਖ਼ੁੱਦ-ਮੁੱਖਤਿਆਰ ਰਾਜ ਕਾਇਮ ਕਰਨ ਦੇ ਪੂਰੇ ਹੱਕ ਸਪੱਸ਼ਟ ਕੀਤ ਹਨੇ, ਉੱਥੈ ਸਿੱਖ ਕੌਮ ਵੀ ਬਾਰ-ਬਾਰ ਇਸ ਲਈ ਆਪਣੀ ਇੱਛਾ ਸਪੱਸ਼ਟ ਕਰਦੀ ਆਈ ਹੈ, ਜਿਵੇਂ ਛਿਆਸੀ ਅਤੇ ਪਿਛਲੇ ਦੀਵਾਲੀ ਦੇ ਸਰਬੱਤ ਖਾਲਸਿਆਂ ਦੌਰਾਨ, ਅਤੇ ਠੀਕ ੩੦ ਸਾਲ ਪਹਿਲੇ ਦਰਬਾਰ ਸਾਹਿਬ ਤੋਂ ਪੰਥਕ ਕਮੇਟੀ ਵੱਲੋਂ ਖਾਲਿਸਤਾਨ ਦੇ ਐਲਾਨ ਦੇ ਮੌਕੇ ਵੀ ।

ਸਕਾਟਲੈਂਡ ਦੀ ਨੈਸ਼ਨਲ ਪਾਰਟੀ ਦੇ ਪੀਟਰ ਗ੍ਰਾਂਟ (M.P.) ਨੇ ਕਾਨਫ਼੍ਰਸ ਵਿਚ ਭਾਗ ਲੈ ਰਹੀਆਂ ਕੌਮਾਂ ਨੂੰ ਆਪਣਾ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਆਪਣੇ ਸੰਘਰਸ਼ਾਂ ਦੀ ਮਖ਼ਾਲਫ਼ਤ ਕਰਨ ਵਾਲੇ ਅਨਸਰਾਂ ਦਾ ਗਿਲਾ ਕਰਨ ਦੀ ਬਜ਼ਾਏ ਇਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨਾ ਪ੍ਰਚਾਰ ਦਾ ਬਿਹਤਰ ਤਰੀਕਾ ਹੈ ਕਿਉਂਕਿ ਉਸ ਦੀ ਸੰਪੂਰਤਾ ਸ਼ਾਂਤਮਈ ਮਹੌਲ ਵਿਚ ਹੀ ਹੋ ਸਕਦੀ ਹੈ, ਪਰ ਜਿੱਥੇ ਆਤਮ ਸੁਰੱਖਿਆ ਲਈ ਸੰਘਰਸ਼ ਵਿਚ ਹਿੰਸਕ ਮੋੜ ਆ ਵੀ ਜਾਂਦਾ ਹੈ, ਉਸ ਨੂੰ ਦਹਿਸ਼ਤਵਾਦੀ ਕਿਹਲਾ ਕਿ ਉਸ ਨੂੰ ਬੇ-ਬੁਨਿਆਦੀ ਨਹੀਂ ਬਣਾਇਆ ਜਾ ਸਕਦਾ ।

ਕੰਜ਼ਰਵਿਟਿਵ ਪਾਰਟੀ ਦੇ ਐਂਡ੍ਰੂ ਗ੍ਰਿਫ਼ਥ, (M.P.) ਚੇਅਰਮੈਨ, ਕਸ਼ਮੀਰੀ ਪਾਰਲੀਮਾਨੀ ਸੰਗਠਨ, ਨੂੰ ਕਾਨਫ਼੍ਰੰਸ਼ ਨੂੰ ਸੰਬੋਦਨ ਕਰਦਿਆਂ  ਕਿਹਾ ਕਿ ਭਾਵੇਂ ਸੁਯੰਕਤ ਰਾਸ਼ਟ੍ਰ ਨੇ ਕਸ਼ਮੀਰ ਪ੍ਰਤੀ ਕਈ ਮੱਤੇ ਪਕਾਏ ਹਨ ਪਰ ਫ਼ਿਰ ਵੀ ਇਹ ਇਸ ਮੱਸਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਅਤੇ ਬਾਕੀ ਸੂੰਸ਼ਾਂ ਨਾਲ ਵੀ ਇਸ ਤਰਾਂ ਦੇ ਵਤੀਰੇ ਦੀ ਨਮੋਸ਼ੀ ਮਹਿਸੂਸ ਕਰ ਰਹੀਆਂ ਹਨ, ਜਿਸ ਲਈ ਸਰਕਾਰਾਂ ਉੱਤੇ ਵਧੇਰੇ ਦਬਾਉ ਜਾਹਰੀ ਰੱਖਣ ਦੀ ਲੋੜ ਹੈ ਜੋ ਹਮੇਸ਼ਾਂ ਆਪਣੇ ਸੁਆਰਥ ਨੂੰ ਇਨਸਾਫ਼ ਤੋਂ ਅੱਗੇ ਰੱਖਦੀਆਂ ਹਨ। ਉਨ੍ਹਾਂ ਕਾਨਫ਼੍ਰੰਸ ਦੇ ਗੂੜ੍ਹੇ ਇਕੱਠ ਦੀ ਹੌਂਸਲਾ ਅਵਸਾਈ ਲਈ ਧੰਨਵਾਦ ਵੀ ਪੇਸ਼ ਕੀਤਾ ।

ਲਿਬ. ਡੈਮ. ਪਾਰਟੀ ਵੱਲੋਂ ਟੌਮ ਬ੍ਰੇਕ (M.P.) ਨੇ ਕਿਹਾ ਕਿ ਭਾਵੇਂ ਉਹ ਵੀ ਯੂ. ਕੇ. ਅਤੇ ਯੋਰਪੀ ਇਤਿਹਾਦ ਦਾ ਹੱਕਦਾਰ ਹੈ, ਪਰ ਉਹ ਖ਼ੁੱਦ-ਮੁਖਤਿਆਰੀ ਸੰਕਲਪ ਦੇ ਵੀ ਪੱਕੇ ਹੱਕਦਾਰ ਹਨ । ਫ਼ੈਬੀਅਨ ਹੈਮਿਲਟਨ (M.P.) ਵਿਦੇਸ਼ ਸਕੱਤਰ, ਲੇਬਰ ਪਾਰਟੀ ਭਾਵੇਂ ਸੇਹਤ ਕਾਰਨ ਹਾਜ਼ਰ ਨਹੀਂ ਹੋ ਸਕੇ ਆਪਣੇ ਸੰਦੇਸ਼ ਰਾਹੀਂ ਕਾਨਫ਼੍ਰੰਸ ਲਈ ਲੇਬਰ ਪਾਰਟੀ ਲਈ ਪੂਰੀ ਹਮਾਇਤ ਪੇਸ਼ ਕੀਤੀ ।

ਉੱਘੇ ਵਿਦਵਾਨ ਡਾ: ਇਕਤਿਦਾਰ ਚੀਮਾ, ਗ੍ਰੇਹਮ ਵਿਲਿਅਮਸਨ, ਪ੍ਰੋ: ਜ਼ੱਫ਼ਰ ਖਾਨ, ਪ੍ਰੋ: ਨਜ਼ੀਰ ਅਹਿਮਦ ਸ਼ਾਵਲ, ਕਸ਼ਮੀਰ ਕੇਂਦਰ, ਫ਼੍ਰਾਂਜ਼ ਵੈਲਮੈਮ, ਨਾਗਾ ਹਮਾਇਤ ਕੇਂਦਰ, ਨੇ ਖ਼ੁੱਦ-ਮੁੱਖਤਿਆਰੀ ਦੇ ਸੰਕਲਪ ਨੂੰ ਪੰਜਾਬ, ਕਸ਼ਮੀਰ ਅਤੇ ਨਾਗਾਲੈਂਡ ਵਿਚ ਲਾਗੂ ਕਰਨ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ । ਡਾ: ਇਕਤਿਦਾਰ ਚੀਮਾ ਨੇ ਸਿੱਖਾਂ ਅਤੇ ਕਸ਼ਮੀਰਆਂ ਉਪਰ ਹਿੰਦੁਸਤਾਨ ਵੱਲੋਂ ਢਾਏ ਨੱਸਲਕੁਸ਼ੀ ਦਾ ਸਾਹਮਣਾ ਕਰਨ ਵਿਚ ਪਾਕਿਸਤਾਨ ਦਾ ਰੋਲ ਸਿਰਫ਼ ਧੁੰਦਲਾ ਤੱਕ ਹੀ ਦਰਸਾਇਆ ਅਤੇ ਇਕ ਖ਼ੁੱਦ-ਮੁੱਖਤਿਾਂਰ ਅਤੇ ਸਰਹੱਦੀ ਰਾਜ ਵਜੋਂ ਵੀ ਖਾਲਿਸਤਾਨ ਦੀ ਜ਼ਰੂਰਤ ਦਰਸਾਈ । ਪ੍ਰੋ: ਨਜ਼ੀਰ ਅਹਿਮਦ ਸ਼ਾਵਲ ਅਤੇ ਜ਼ੱਫ਼ਰ ਖਾਨ ਨੇ ਵੀ ਵਰਤਮਾਨ ਸਥਿੱਤੀ ਬਾਰੇ ਗੱਲ ਕਰਦਿਆਂ ਹਿੰਦੁਤਵਾ ਨੂੰ ਹਿੰਦੂ ਤਾਲੇਬਾਨ ਦੀ ਮਿਸਾਲ ਦੇ ਕੇ ਇਸ ਨੂੰ ਦੁਨੀਆ-ਭਰ ਦੀ ਸਭ ਤੋਂ ਵੱਧ ਖਤਰਨਾਕ ਦਹਿਸ਼ਤਵਾਦੀ ਲਹਿਰ ਦਰਸਾਇਆ ਜਿਸ ਦੇ ਹੱਥ ਹਰ ਕਿਸਮ ਦੇ ਆਧੂਨਿਕ ਹੱਥਿਆਰ ਆ ਗਏ ਹਨ, ਜਿਸ ਦੀ ਵਜ੍ਹਾ ਸੁਯੰਕਤ ਰਾਸ਼ਟਰ ਵੀ ਆਪਣੇ ਕਾਨੂਨ ਜਾਂ ਮੱਤੇ ਵੀ ਲਾਗੂ ਨਹੀਂ ਕਰ ਸਕਿਆ।

ਕਾਨਫ਼੍ਰੰਸ਼ ਦੇ ਆਰੰਭ ਵਿਚ ਇਸ ਦੀ ਪ੍ਰਧਾਨਗੀ ਕਰਦੇ ਹੋਇ ਪਾਰਲੀਮਾਨੀ ਖ਼ੁੱਦ-ਮੁੱਖਤਿਆਰੀ ਸੰਗਠਨ ਦੇ ਚੇਅਰਮੈਨ, ਲੌਰਡ ਨਜ਼ੀਰ ਅਹਿਮਦ, ਨੇ ਜੰਮੂ-ਕਸ਼ਮੀਰ ਕਸ਼ਮੀਰ ਮੁਕਤੀ-ਮੋਰਚੇ ਦੇ ਮੁੱਖੀ ਆਮਨੁੱਲਾ ਖਾਨ ਦੇ ਦਿਹਾਂਤ ਬਾਰੇ ਤਾਜ਼ਾ ਦੁਖਦਾਈ ਖਬਰ ਦਿੰਦਿਆਂ ਅਵਸੋਸ ਪ੍ਰਗਟਾਇਆ ਜਿਸ ਲਈ ਕਾਨਫ਼੍ਰੰਸ ਵੱਲੋਂ ਇੱਕ ਮਿਨੁਟ ਦਾ ਮੌਨ ਰੱਖਿਆ ਗਿਆ । ਉਪ੍ਰੰਤ ਉਹਨਾਂ ਬ੍ਰਤਾਨਵੀ ਸਰਕਾਰ ਦਾ ਸਖਤ ਖੰਡਨ ਕੀਤਾ, ਜੋ ਸੁਯੰਕਤ ਰਾਸ਼ਟ੍ਰ ਦੀ ਸੁਰੱਖਿਆ ਕੌਂਸਲ ਲਈ

ਭਾਰਤ ਨੂੰ ਲਾਇਕ ਦਰਜਾ ਦਿੰਦੀ ਹੋਈ ਇਸ ਦੀ ਪੱਕੀ ਹਾਜ਼ਰੀ ਦੇ ਹੱਕ ਵਿਚ ਹੈ, ਭਾਵੇਂ ਇਹ ਕਸ਼ਮੀਰ ਅਤੇ ਪੰਜਾਬ ਵਿਚ ਕੇਈ ਦਿਹਾਕਿਆਂ ਤੋਂ ਨੱਸਲ–ਕੁਸ਼ੀ ਢਾਉਂਦਾ ਆਇਆ ਹੈ ।

ਆਖਰ ਯੂ. ਕੇ. ਦੇ ਸਮੂਹ ਪੰਥਕ ਨੁਮਾਇੰਦਿਆਂ ਸ: ਜੋਗਾ ਸਿੰਘ, ਸ: ਲਵਸ਼ਿੰਦਰ ਸਿੰਘ ਡੱਲੇਵਾਲ (ਸੁਯੰਕਤ ਖਾਲਸਾ ਦਲ), ਸ: ਗੁਰਦੇਵ ਸਿੰਘ ਚੌਹਾਨ (ਅਕਾਲੀ ਦਲ ਯੂ. ਕੇ.), ਸ: ਮਨਪ੍ਰੀਤ ਸਿੰਘ, ਸ: ਸਰਬਜੀਤ ਸਿੰਘ/ਸ: ਅਵਤਾਰ ਸਿੰਘ ਖੰਡਾ/ਪਰਮਜੀਤ ਸਿੰਘ ਪੰਮਾ (ਅਕਾਲੀ ਦਲ ਅੰਮ੍ਰਿਤਸਰ) ਅਤੇ ਸ: ਅਮਰੀਕ ਸਿੰਘ ਸਹੋਤਾ OBE, (ਕੌਂਸਲ ਆਫ਼ ਖਾਲਿਸਤਾਨ) ਅਪਣੀਆਂ ਜੱਥੇਬੰਦੀਆਂ ਅਤੇ ਆਸ–ਪਾਸ ਦੀਆਂ ਸੰਗਤਾਂ ਸਮੇਤ ਵੱਡੀ ਪੱਧਰ ਤੇ ਕਾਨਫ੍ਰੰਸ ਵਿਚ ਭਾਗ ਲੈਂਦਿਆਂ ਸਰਬ ਸਹਿਮਤੀ ਨਾਲ ਸਿੱਖਾਂ ਅਤੇ ਹੋਰ ਆਜ਼ਾਦੀ ਪਸੰਦ ਕੌਮਾਂ ਦੇ ਸੁਪਨਿਆਂ ਸਾਕਾਰ ਕਰਨ ਦਾ ਮੱਤਾ ਪਕਾਇਆ ।